# ਜੰਗੀ ਰਾਮ ਦੀ ਹਵੇਲੀ

ਦਾ ਐਲਾਨ ਕਰਦਾ ਹੈ। ਦੋ ਪਾਤਰ ਸਟੇਜ 'ਤੇ ਰੋਂਦੇ ਆਉਂਦੇ ਹਨ। ਇਹ ਭਾਰਤ ਦੇ ਆਮ ਲੋਕਾਂ ਦੇ ਪ੍ਰਤੀਕ ਹਨ। ਸੂਤਰਧਾਰ ਦੇ ਪੁੱਛਣ 'ਤੇ ਦੱਸਦੇ ਹਨ ਕਿ ਉਹ ਇਸ ਲਈ ਰੋ ਰਹੇ ਹਨ ਕਿਉਂਕਿ ਜੰਗੀ ਰਾਮ ਮਰ ਗਿਆ ਹੈ ਜੋ ਹਵੇਲੀ ਦਾ ਮੁਖੀਆ ਸੀ। ਉਹ ਇਸ ਲਈ ਰੋ ਰਹੇ ਹਨ ਕਿਉਂਕਿ ਉਹ ਆਪ ਕੁਝ ਕਰਨ ਜੋਗੇ ਨਹੀਂ। ਉਨ੍ਹਾਂ ਨੂੰ ਸਿਖਾਇਆ ਗਿਆ ਹੈ ਕਿ ਕਰੋ ਕਰਾਓ ਕੁਝ ਨਾ, ਬਸ ਰੋਈ ਜਾਓ। ਭੁੱਖੇ ਹੋਵੋ ਰੋਈ ਜਾਓ। ਲੰਗੋਟੀ ਪਾਓ ਰੋਈ ਜਾਓ। ਨੰਗੇ ਹੋਵੋ ਰੋਈ ਜਾਓ। ਰੋਣ ਵਿਚ ਹੀ ਭਗਤੀ ਹੈ। ਰੋਣ ਵਿਚ ਹੀ ਸ਼ਕਤੀ ਹੈ। ਰੋਣਾ ਉਨ੍ਹਾਂ ਦਾ ਸੁਭਾਅ ਹੈ। ਰੋਣਾ ਉਨ੍ਹਾਂ ਦੀ ਆਦਤ ਹੈ। ਰੋਣਾ ਉਨ੍ਹਾਂ ਦੀ ਫਿਤਰਤ ਹੈ, ਰੋਣਾ ਉਨ੍ਹਾਂ ਦੀ ਕਿਸਮਤ ਹੈ। ਸੂਤਰਧਾਰ ਉਨ੍ਹਾਂ ਨੂੰ ਕਹਿੰਦਾ ਹੈ ਕਿ ਇਕ ਮੁਖੀਆ ਮਰ ਗਿਆ ਹੈ ਤਾਂ ਦੂਜੇ ਦੀ ਚੋਣ ਕਰ ਲੈਣ। ਚੋਣਾਂ ਹੁੰਦੀਆਂ ਹਨ। ਉਮੀਦਵਾਰ ਆਪਣਾ ਰੰਗ ਵਿਖਾਂਦੇ ਹਨ। ਲੋਕਾਂ ਨੂੰ ਝੂਠੇ ਲਾਰੇ ਲਗਾਂਦੇ ਹਨ। ਪੈਸੇ ਦੀ ਸਰਦਾਰੀ ਹੈ। ਗਰੀਬ ਬੰਦਾ ਸਿਰਫ ਪਰਚੀ 'ਤੇ ਮੋਹਰ ਲਗਾਉਣ ਜੋਗਾ ਹੀ ਹੈ। 'ਜਿੱਤ ਗਿਆ ਬਈ ਜਿੱਤ ਗਿਆ, ਪੈਸੇ ਵਾਲਾ ਜਿੱਤ ਗਿਆ।' 'ਹਾਰ ਗਿਆ ਬਈ ਹਾਰ ਗਿਆ ਦਮੜਤੀ ਵਾਲਾ ਹਾਰ ਗਿਆ।' ਭੁੱਖੇ ਢਿੱਡ ਹਾਰ ਗਏ। ਮੋਟੇ ਢਿੱਡ ਜਿੱਤ ਗਏ। ਇਹਦੇ ਨਾਲ ਹੀ ਜਿੱਤੇ ਹੋਏ ਮੋਟੇ ਢਿੱਡ ਸਟੇਜ 'ਤੇ ਦਾਖਲ ਹੁੰਦੇ ਹਨ ਤੇ ਨਾਟਕ ਦਾ ਦੂਜਾ ਭਾਗ ਸ਼ੁਰੂ ਹੁੰਦਾ ਹੈ।

ਮੋਟੇ ਢਿੱਡ ਜਿੱਤ ਨਾਲ ਆਫਰੇ ਹੋਏ ਹਨ। ਚੋਣਾਂ ਵੇਲੇ ਕੀਤੇ ਵਾਇਦਿਆਂ ਨੂੰ ਭੁੱਲ ਚੁੱਕੇ ਹਨ। ਸੂਤਰਧਾਰ ਉਨ੍ਹਾਂ ਨੂੰ ਉਹ ਵਾਇਦੇ ਯਾਦ ਕਰਵਾਂਦਾ ਹੈ। ''ਮੁਖੀਆ ਜੀ, ਤੁਸੀਂ ਚੋਣਾਂ ਵੇਲੇ ਵਾਇਦਾ ਕੀਤਾ ਸੀ ਕਿ ਤੁਸੀਂ ਹਵੇਲੀ ਦੀ ਗਰੀਬੀ, ਦਲਿੱਦਰ ਅਤੇ ਚਿੱਕੜ ਦੂਰ ਕਰੋਗੇ, ਹੁਣ ਉਹ ਸਭ ਕੁਝ ਕਰੋ।'' ਜਵਾਬ ਮਿਲਦਾ ਹੈ ਕਿ ਹਵੇਲੀ ਦਾ ਚਿੱਕੜ ਤਾਂ ਹੀ ਦੂਰ ਹੋ ਸਕਦਾ ਹੈ ਕਿ ਗੰਦਾ ਪਾਣੀ ਇਕੱਠਾ ਨਾ ਹੋਵੇ। ਗੰਦਾ ਪਾਣੀ ਤਾਂ ਨਿਕਲ ਸਕਦਾ ਹੈ, ਜੇ ਨਾਲੀਆਂ ਬਣਾਈਆਂ ਜਾਣ। ਨਾਲੀਆਂ ਕਿਥੇ ਬਣਾਈਆਂ ਜਾਣ, ਇਹਦਾ ਫੈਸਲਾ ਨਹੀਂ ਹੋ ਸਕਦਾ, ਕਿਉਂਕਿ ਜਿਥੇ ਜ਼ਮੀਨ ਦਾ ਸਰਵੇ ਹੋਇਆ ਹੈ, ਉਥੇ ਜਿਹੜਾ ਨੀਂਵਾਂ ਪਾਸਾ ਹੈ, ਉਹਦੇ ਬਾਰੇ ਤਾਏ ਨਿਹਾਲੇ ਦਾ ਵਿਚਾਰ ਹੈ ਕਿ ਸਰਵੇ ਵਾਲਿਆਂ ਨੇ ਪੈਸੇ ਖਾ ਕੇ ਉਹਦਾ ਪਾਸਾ ਕਾਗਜ਼ਾਂ ਵਿਚ ਨੀਵਾਂ ਦਿਖਾ ਦਿੱਤਾ ਹੈ। ਤਾਏ ਨਿਹਾਲੇ ਨੇ ਕਚਹਿਰੀ ਵਿਚੋਂ ਸਟੇਅ ਆਰਡਰ ਲੈ ਲਿਆ ਹੈ। ਇਸ ਕਰ ਕੇ ਨਾਲੀਆਂ ਨਹੀਂ ਨਿਕਲ ਸਕਦੀਆਂ। ਚਿੱਕੜ ਵੀ ਉਥੇ ਹੀ ਰਹੇਗਾ। ਚਿੱਕੜ ਵਿਚ ਮੱਛਰ ਵੀ ਪੈਦਾ ਹੁੰਦੇ ਰਹਿਣਗੇ ਤੇ ਬਿਮਾਰੀ ਵੀ ਫੈਲਦੀ ਰਹੇਗੀ। ਇਸ ਵਿਚ ਉਹ ਕੁਝ ਨਹੀਂ ਕਰ ਸਕਦੇ, ਕਿਉਂਕਿ ਹਾਲੀ ਤਾਂ ਇਸ ਗੱਲ ਦਾ ਕਮਿਸ਼ਨ ਨੇ ਫੈਸਲਾ ਕਰਨਾ ਹੈ ਕਿ ਸਰਵੇ ਵਾਲਿਆਂ ਨੇ ਰਿਸ਼ਵਤ ਕਿੰਨੀ ਲਈ ਹੈ?

ਮੋਟੇ ਮੁਖੀਏ ਥੱਕ ਗਏ ਹਨ। ਸੇਠ ਗਿਰਧਾਰੀ ਦੀ ਮਹਿਫਲ ਵਿਚ ਉਹ ਦੇਰ ਰਾਤ ਤਕ ਜਾਗਦੇ ਰਹੇ ਹਨ। ਉਨ੍ਹਾਂ ਨੂੰ ਮਜਬੂਰਨ ਉਥੇ ਮੁਰਗੇ ਵੀ ਖਾਣੇ ਪਏ, ਸ਼ਰਾਬ ਵੀ ਪੀਣੀ ਪਈ ਹੈ ਅਤੇ ਮਿਸ ਰੀਟਾ ਦਾ ਨਾਚ ਵੀ ਵੇਖਣਾ ਪਿਆ। ਉਹ ਹੁਣ ਸੁੱਤੇ ਹੋਏ ਹਨ ਤੇ ਘੁਰਾੜੇ ਮਾਰ ਰਹੇ ਹਨ। ਸਾਧਾਰਨ ਲੋਕ ਆਂਦੇ ਹਨ। ਉਹ ਮੁਖੀਆਂ ਨੂੰ ਦੱਸਣਾ ਚਾਹੁੰਦੇ ਹਨ ਕਿ ਮਹਿੰਗਾਈ ਬਹੁਤ ਹੋ ਗਈ ਹੈ। ਆਟਾ ਨਹੀਂ ਮਿਲ ਰਿਹਾ, ਤੇਲ ਨਹੀਂ ਮਿਲ ਰਿਹਾ। ਖੰਡ ਨਹੀਂ ਮਿਲ ਰਹੀ। ਪਰ ਮੁਖੀਆਂ ਕੋਲ ਇਨ੍ਹਾਂ ਸਵਾਲਾਂ ਦਾ ਜਵਾਬ ਘੁਰਾੜਿਆਂ ਤੋਂ ਸਿਵਾਏ ਕੁਝ ਨਹੀਂ, ਉਹ ਡੂੰਘੀ ਨੀਂਦਰ ਸੁੱਤੇ ਹੋਏ ਹਨ। ਖਾਲੀ ਪੀਪੇ ਖਾਲੀ ਢੋਲ, ਹਾਕਮ ਸੁੱਤੇ ਡੂੰਘੀ ਨੀਂਦਰੇ, ਜੂੰ ਨਾ ਸਰਕੇ ਕੰਨਾਂ ਕੋਲ। ਲੋਕ ਵਿਚਾਰੇ ਕੀ ਕਰਨ, ਠੰਢਾ ਪਾਣੀ ਪੀ ਮਰਨ।

ਨਾਟਕ ਦੇ ਇਸ ਦੂਜੇ ਹਿੱਸੇ ਵਿਚ ਭਾਰਤੀ ਹਾਕਮਾਂ ਦੀ ਸੋਚਣੀ ਪੂਰੀ ਤਰ੍ਹਾਂ ਨੰਗਿਆਂ ਕਰ ਕੇ ਪੇਸ਼ ਕੀਤੀ ਗਈ ਹੈ। ਉਹ ਚੋਣਾਂ ਵੇਲੇ ਵਾਇਦੇ ਤਾਂ ਬੜੇ ਕਰਦੇ ਹਨ ਪਰ ਬਾਅਦ ਵਿਚ ਉਹ ਸਭ ਕੁਝ ਭੁੱਲ ਜਾਂਦੇ ਹਨ। ਉਹ ਕਚਹਿਰੀਆਂ ਤੇ ਕਮਿਸ਼ਨਾਂ ਦਾ ਆਸਰਾ ਲੈ ਕੇ ਹਰ ਇਕ ਉਸ ਫੈਸਲੇ ਨੂੰ ਜੋ ਉਨ੍ਹਾਂ ਦੇ ਹਿਤ ਵਿਚ ਹੈ, ਅੱਗੇ ਪਾ ਦਿੰਦੇ ਹਨ। ਉਨ੍ਹਾਂ ਕੋਲ ਮਹਿਫਲਾਂ ਲਈ ਸਮਾਂ ਹੈ ਪਰ ਲੋਕਾਂ ਦੀ ਗੱਲ ਸੁਣਨ ਲਈ ਸਮਾਂ ਨਹੀਂ। ਉਨ੍ਹਾਂ ਕੋਲ ਲੋਕਾਂ ਦੀਆਂ ਮੰਗਾਂ ਦਾ ਜਵਾਬ ਸਿਰਫ 'ਘੁਰਾੜੇ' ਹੀ ਹਨ। ਤਾਇਆ ਨਿਹਾਲਾ ਇਕ ਥਾਂ ਵਿਅੰਗ ਕਰਦਾ ਹੈ ਕਿ ਉਹ ਇਨ੍ਹਾਂ ਮੁਖੀਆਂ ਨੂੰ ਜਾਣਦਾ ਹੈ। ਉਨ੍ਹਾਂ ਵਿਚੋਂ ਇਕ ਕੁਝ ਸਾਲ ਪਹਿਲੇ ਗੁਰਦੁਆਰੇ ਵਿਚੋਂ ਜੁੱਤੀਆਂ ਚੁਰਾਂਦਾ ਫੜਿਆ ਗਿਆ ਸੀ। ਦੂਜਾ ਗਵਾਂਢੀਆਂ ਦੀ ਮੁਰਗੀ ਚੁਰਾਂਦਾ ਫੜਿਆ ਗਿਆ ਸੀ। ਜਵਾਬ ਮਿਲਦਾ ਹੈ ਕਿ ਹਵੇਲੀ ਦੇ ਵਿਧਾਨ ਵਿਚ ਕਿਧਰੇ ਨਹੀਂ ਲਿਖਿਆ ਕਿ ਜੁੱਤੀ ਚੋਰ ਜਾਂ ਮੁਰਗੀ ਚੋਰ ਮੁਖੀਆ ਨਹੀਂ ਬਣ ਸਕਦਾ।



# ਮੇਰੀ ਨਾਟਕ ਡਾਇਰੀ

ਗੁਰਸ਼ਰਨ ਸਿੰਘ

ਤੀਜੇ ਭਾਗ ਵਿਚ ਸੁੱਤੇ ਮੁਖੀਆਂ ਨੂੰ ਜਗਾਉਣ ਦੀ ਜਾਚ ਸੂਤਰਧਾਰ ਹਵੇਲੀ ਦੇ ਲੋਕਾਂ ਨੂੰ ਦੱਸਦਾ ਹੈ। ਉਹ ਤਾਂ ਹੀ ਜਾਗਦੇ ਹਨ ਜਦੋਂ ਉਨ੍ਹਾਂ ਦੇ ਕੰਨਾਂ ਵਿਚ ਜਾ ਕੇ ਕਿਹਾ ਜਾਂਦਾ ਹੈ, ''ਮੁਖੀਓ, ਸੂਰ ਦੇ ਪੁੱਤਰੋ ਉਠੋ।'' ਮੁਖੀਏ ਹੜਬੜਾ ਕੇ ਜਾਗਦੇ ਹਨ। ਸੂਤਰਧਾਰ ਲੋਕਾਂ ਨੂੰ ਦੱਸਦਾ ਹੈ ਕਿ ਜਿੰਨਾ ਚਿਰ ਉਹ ਹੱਥ ਜੋੜਦੇ ਰਹਿਣਗੇ, ਤਰਲੇ ਲੈਂਦੇ ਰਹਿਣਗੇ, ਫਰਿਆਦਾਂ ਕਰਦੇ ਰਹਿਣਗੇ ਜਾਂ ਅਰਜ਼ੀਆਂ ਦਿੰਦੇ ਰਹਿਣਗੇ, ਉਨ੍ਹਾਂ ਦੀ ਕਿਸੇ ਨੇ ਨਹੀਂ ਸੁਣਨੀ। ਸਮਾਂ ਆ ਗਿਆ ਹੈ ਕਿ ਹਵੇਲੀ ਦੇ ਲੋਕ ਉਨ੍ਹਾਂ ਨੂੰ ਜਗਾਉਣ ਦੇ ਨਵੇਂ ਤਰੀਕੇ ਅਪਣਾਉਣ। ਜਾਗਣ 'ਤੇ ਵੀ ਮੁਖੀਏ ਲੋਕਾਂ ਨੂੰ ਟਾਲਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਹਵੇਲੀ ਵਿਚ ਬਿਮਾਰੀ ਫੈਲ ਗਈ ਹੈ ਤੇ ਲੋਕ ਮਰ ਰਹੇ ਹਨ ਤਾਂ ਮੁਖੀਆਂ ਦਾ ਸਪਸ਼ਟ ਜਵਾਬ ਮਿਲਦਾ ਹੈ ਕਿ ਬਿਮਾਰੀ ਤਾਂ ਫੈਲਦੀ ਹੀ ਰਹਿੰਦੀ ਹੈ, ਲੋਕ ਮਰਦੇ ਹੀ ਰਹਿੰਦੇ ਹਨ, ਉਹ ਭਲਾ ਇਸ ਵਿਚ ਕੀ ਕਰ ਸਕਦੇ ਹਨ?

ਨਾਟਕ ਦਾ ਅੰਤ ਦੱਸਦਾ ਹੈ ਕਿ ਇਸ ਸਾਰੀ ਹਵੇਲੀ ਦਾ ਢਾਂਚਾ ਜਰਜਰਾ ਹੋ ਗਿਆ ਹੈ ਤਾਂ ਇਸ ਨੂੰ ਢਾਹੁਣ ਤੋਂ ਸਿਵਾਏ ਹਵੇਲੀ ਵਾਲਿਆਂ ਕੋਲ ਹੋਰ ਨਿਜ਼ਾਤ ਦਾ ਰਾਹ ਨਹੀਂ।

ਬੜੀ ਤੇਜ਼ ਗਤੀ ਵਿਚ ਚਲਦਾ ਅਤੇ ਹਾਸ ਰਸ ਨਾਲ ਭਰਪੂਰ ਇਹ ਨਾਟਕ 1979 ਤੋਂ 1983 ਦੇ ਦੌਰ ਵਿਚ ਮੇਰਾ ਸਾਰਿਆਂ ਨਾਟਕਾਂ ਨਾਲੋਂ ਵਧੇਰੇ ਮਕਬੂਲ ਰਿਹਾ ਹੈ। ਮੇਰੇ ਗਰੁਪ ਦੇ ਸਾਰੇ ਕਲਾਕਾਰਾਂ ਨੇ ਇਸ ਨਾਟਕ ਦੀਆਂ ਅਣਗਿਣਤ ਪੇਸ਼ਕਾਰੀਆਂ ਕੀਤੀਆਂ ਹਨ। ਇਕ ਮੁਖੀਏ ਦੀ ਭੂਮਿਕਾ ਵਿਚ ਉਨ੍ਹਾਂ ਦਿਨਾਂ ਵਿਚ ਕ੍ਰਿਸ਼ਨ ਦਵੇਸਰ ਨੇ ਇਸ ਨਾਟਕ ਵਿਚ ਆਪਣੀ ਅਭਿਨੈ ਕਲਾ ਦਾ ਕਾਫੀ ਕਮਾਲ ਵਿਖਾਇਆ। ਭਾਰਤ ਦੀ ਸਿਆਸੀ ਸਥਿਤੀ ਅਤੇ ਪ੍ਰਣਾਲੀ ਉਤੇ ਲਿਖੇ ਇਸ 25 ਮਿੰਟਾਂ ਦੇ ਵਿਅੰਗਾਤਮਕ ਨਾਟਕ ਨੂੰ ਮੈਂ ਆਪਣੀ ਨਾਟ ਕਲਾ ਦੀ ਇਕ ਪ੍ਰਾਪਤੀ ਸਮਝਦਾ ਹਾਂ।



'ਜੰਗੀ ਰਾਮ ਦੀ ਹਵੇਲੀ' ਦਾ ਇਕ ਦ੍ਰਿਸ਼

ਮੇਰਾ ਇਹ ਪ੍ਰਸਿੱਧ ਨਾਟਕ, ਜਿਸ ਦਾ ਭਾਰਤ ਦੀਆਂ ਕਈ ਜ਼ੁਬਾਨਾਂ ਵਿਚ ਅਨੁਵਾਦ ਹੋ ਚੁੱਕਿਆ ਹੈ, ਇਕ ਸਿਆਸੀ ਵਿਅੰਗ ਹੈ । 'ਜੰਗੀ ਰਾਮ ਦੀ ਹਵੇਲੀ' ਸਪਸ਼ਟ ਰੂਪ ਵਿਚ ਭਾਰਤ ਦੀ ਪ੍ਰਤੀਕ ਹੈ । ਤੇਈ ਜਿਸ ਦੇ ਕਮਰੇ ਹਨ, ਅਠਾਰਾਂ ਦੀਆਂ ਛੱਤਾਂ ਚੋਂਦੀਆਂ ਹਨ, ਕੰਧਾਂ ਜਿਸ ਦੀਆਂ ਭੁਰਦੀਆਂ ਹਨ, ਰੋਸ਼ਨੀ ਦਾ ਨਾਮ ਨਹੀਂ, ਤਾਜ਼ਾ ਹਵਾ ਦਾ ਨਿਸ਼ਾਨ ਨਹੀਂ, ਚਿੱਕੜ ਹੈ, ਦਲਿੱਦਰ ਹੈ, ਬਿਮਾਰੀ ਹੈ । ਇਹ ਨਾਟਕ ਮੈਂ 1979 ਵਿਚ ਲਿਖਿਆ । 1977 ਵਿਚ ਇੰਦਰਾ ਗਾਂਧੀ ਦੀ ਸਰਕਾਰ ਡਿੱਗੀ ਅਤੇ ਮੁਰਾਰਜੀ ਡਿਸਾਈ ਦੀ ਅਗਵਾਈ ਵਿਚ ਜਨਤਾ ਸਰਕਾਰ ਬਣੀ । ਇਸ ਸਰਕਾਰ ਵਿਚ ਸਿਆਸੀ ਮਸਖਰੇ ਵੀ ਸ਼ਾਮਲ ਸਨ, ਪਿਸ਼ਾਬ ਪੀਣ ਵਾਲੇ ਵੀ ਸਨ ਅਤੇ ਸੱਤਾ ਦੇ ਭੁੱਖੇ ਇਕ ਦੂਜੇ ਨੂੰ ਠਿੱਬੀ ਲਗਾਉਣ ਵਾਲੇ ਵੀ ਸ਼ਾਮਲ ਸਨ ਜੋ ਆਪ ਪ੍ਰਧਾਨ ਮੰਤਰੀ ਬਣਨਾ ਚਾਹੁੰਦੇ ਸਨ । ਇਹ ਸਰਕਾਰ ਜਲਦੀ ਹੀ ਡਿੱਗ ਪਈ । ਲੋਕਾਂ ਵਿਚ ਸਿਆਸੀ ਆਗੂਆਂ ਬਾਰੇ ਘੋਰ ਨਿਰਾਸ਼ਾ ਸੀ ।

ਇਕ ਗਲਤ ਕਿਸਮ ਦੀ ਸਰਕਾਰ ਤੋਂ ਬਾਅਦ ਦੂਜੀ ਸਰਕਾਰ ਹੋਂਦ ਵਿਚ ਆਈ । ਉਹ ਪਹਿਲੀ ਤੋਂ ਵੀ ਭੈੜੀ ਸਾਬਤ ਹੋਈ । ਇਸ ਹਾਲਤ ਵਿਚ ਦੇਸ਼ ਦਾ ਵਾਲੀਵਾਰਸ ਕੌਣ ਹੋਵੇਗਾ ? ਇਸ ਵਿਚ ਲੋਕਾਂ ਅਤੇ ਲੀਡਰਾਂ ਦੀ ਕੀ ਭੂਮਿਕਾ ਹੋਵੇਗੀ ? ਪੈਸੇ ਤੇ ਲਾਰਿਆਂ ਦੇ ਬਲ ਚੋਣਾਂ ਦੀ ਖੇਡ ਕਦੋਂ ਤਕ ਚਲਦੀ ਰਹੇਗੀ ? ਇਸ ਸਭ ਕੁਝ ਦਾ ਵਿਕਲਪ ਕੀ ਹੋਵੇਗਾ ? ਕੀ ਕਦੀ ਚੰਗੇ ਸਮੇਂ ਆਉਣਗੇ ? ਇਹ ਸਵਾਲ ਮੇਰੇ ਮਨ ਵਿਚ ਉਠ ਰਹੇ ਸਨ ਤੇ ਇਨ੍ਹਾਂ ਦਾ ਜਵਾਬ ਦੇਣ ਲਈ ਹੀ ਮੈਂ ਇਹ ਨਾਟਕ ਲਿਖਿਆ । ਇਸ ਨਾਟਕ ਦੀ ਵਿਉਂਤ ਇਸ ਤਰ੍ਹਾਂ ਬਣਾਈ ਗਈ ਕਿ ਇਹ ਨੁੱਕਰ ਨਾਟਕ ਦੇ ਰੂਪ ਵਿਚ ਵੀ ਖੇਡਿਆ ਜਾ ਸਕੇ ਤੇ ਸਟੇਜ 'ਤੇ ਵੀ ਖੇਡਿਆ ਜਾ ਸਕੇ । ਇਸ ਦੀ ਖੇਡਣ ਸ਼ੈਲੀ ਸਵਾਂਗ ਸ਼ੈਲੀ ਦੇ ਅਨੁਸਾਰ ਘੜੀ ਗਈ ।

ਨਾਟਕ ਦੇ ਸ਼ੁਰੂ ਹੋਣ 'ਤੇ ਸੂਤਰਧਾਰ ਨਾਟਕ